Airo International Research Journal

Volume XIII, ISSN: 2320-3714
February, 2018
Impact Factor 0.75 to 3.19
UGC Approval Number 63012

# ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਵਿੱਚ ਨਾਰੀ ਚਿਤਰਨ

**ਡਾ. ਰੁਪਿੰਦਰ ਕੌਰ**
ਐਸੋਸੀਏਟ ਪ੍ਰੋਫੈਸਰ
ਪੰਜਾਬੀ ਵਿਭਾਗ, ਗੁਰੂ ਨਾਨਕ ਖਾਲਸਾ ਕਾਲਜ,
ਅਬੋਹਰ (ਪੰਜਾਬ)
ਈ-ਮੇਲ : hsandhu0003@gmail.com

## ਸ਼ੋਧ-ਆਲੇਖ ਸਾਰ

ਸ਼ਿਵ ਕੁਮਾਰ ਬਟਾਲਵੀ ਪੰਜਾਬੀ ਦਾ ਰੁਮਾਂਸਵਾਦੀ ਕਵੀ ਹੈ। ਉਸਨੂੰ ਹੁਸਨ, ਇਸ਼ਕ ਤੇ ਬਿਰਹਾ ਦਾ ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਉਸਦੀ ਕਵਿਤਾ ਵਿੱਚ ਨਾਰੀ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਿਰਜਿਆ ਗਿਆ ਹੈ। ਸ਼ਿਵ ਨੇ ਇੱਕ ਸੰਪੂਰਨ ਤੇ ਸਮਰੱਥ ਔਰਤ ਦੀ ਜੀਵਨ ਵਿੱਚ ਲੋਚਾ ਕੀਤੀ ਪਰ ਉਹ ਅਤ੍ਰਿਪਤ ਰਿਹਾ। ਇਸ ਸੰਤਾਪ ਵਿੱਚੋਂ ਹੀ ਉਸਦੀ ਕਵਿਤਾ ਜਨਮ ਲੈਂਦੀ ਹੈ। ਉਹ ਬਿਰਹਾ ਨੂੰ ਸੁਲਤਾਨ ਮੰਨਦਾ ਹੈ ਜਿਸਨੇ ਉਸ ਨੂੰ ਗੀਤ ਲਿਖਣ ਲਾ ਦਿੱਤਾ। ਸ਼ਿਵ ਨੂੰ ਔਰਤ ਦਰਦ ਦੀ ਵੇਦਨਾ ਬਿਆਨ ਕਰਨ ਲਈ ਲੂਣਾ ਦੇ ਹੱਕ ਵਿੱਚ ਬੋਲਣ ਵਾਲਾ ਆਧੁਨਿਕ ਕਵੀ ਵੀ ਕਿਹਾ ਜਾਂਦਾ ਹੈ।

**ਮੁੱਖ ਸ਼ਬਦ : ਬਿਰਹਾ, ਨਿਰਾਸ਼ਾ, ਇਸ਼ਕ, ਸੁਲਤਾਨ, ਦ੍ਰਿਸ਼ਟੀਕੋਨ, ਸਦਾਚਾਰਕ, ਅਤ੍ਰਿਪਤੀ, ਮਹਿਬੂਬਾ, ਕੰਡਿਆਲੀ ਥੋਰ**

ਸ਼ਿਵ ਕੁਮਾਰ ਬਟਾਲਵੀ ਦਾ ਨਾਂ ਆਧੁਨਿਕ ਪੰਜਾਬੀ ਕਵਿਤਾ ਵਿੱਚ ਖਾਸ ਮਹੱਤਤਾ ਦਾ ਲਖਾਇਕ ਹੈ। ਉਹ ਬਿਰਹਾ ਦਾ ਕਵੀ ਹੈ। ਉਸ ਨੇ ਪ੍ਰੇਮ, ਪਿਆਰ, ਨਿਰਾਸ਼ਾ ਤੇ ਰੋਮਾਂਸਵਾਦੀ ਕਾਵਿ ਦੀ ਰਚਨਾ ਕੀਤੀ। ਪਿਆਰ ਤੇ ਬਿਰਹਾ ਉਸਦੀ ਕਵਿਤਾ ਦਾ ਕੇਂਦਰੀ ਥੀਮ ਹੈ। ਸ਼ਿਵ ਦੀ ਕਵਿਤਾ ਵਿੱਚ ਔਰਤ ਪਿਆਰ ਦੀ ਭੁੱਖ ਸਿਖਰ ਤੇ ਹੈ। ਔਰਤ ਦੇ ਪਿਆਰ ਦੀ ਗੱਲ ਕਰਦਾ ਹੋਇਆ ਉਹ 'ਲੂਣਾ' ਵਰਗੇ ਕ੍ਰਾਂਤੀਕਾਰੀ ਕਾਵਿ ਦੀ ਰਚਨਾ ਕਰਦਾ ਹੇ। 'ਲੂਣਾ' ਕਾਵਿ ਕਰਕੇ ਉਸ ਨੂੰ ਸਿਖਰ ਤੇ ਪਹੁੰਚਿਆ ਮੰਨਿਆ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਆਲੋਚਕਾਂ ਵੱਲੋਂ ਯੋਨੀ ਕੇਂਦਰਿਤ ਬਿਰਹਾ ਦਾ ਮਸੀਹਾ ਤੇ ਨਿਰਾਸ਼ਾਵਾਦੀ ਕਵੀ ਹੋਣ ਦੇ ਫਤਵੇ ਵਧੇਰੇ ਦਿੱਤੇ ਗਏ ਹਨ ਪਰੰਤੂ ਸ਼ਿਵ ਨੇ ਖੁਦ 'ਮੇਰੇ ਨਿੰਦਕ' ਨਾਮੀ ਲੇਖ ਵਿੱਚ ਇਸ ਕਿਸਮ ਦੇ ਇਤਿਹਾਸ ਦਾ ਉੱਤਰ ਦਿੰਦੇ ਲਿਖਿਆ ਹੈ :

> ਪਰ ਉਹ ਨਿਰਾਸ਼ਾ ਜਾਂ ਆਸ਼ਾ ਦਾ ਮੈਂ ਬੇਲੀ ਹਾਂ, ਮਹਿਰਮ ਹਾਂ, ਜਿਹੜੀ ਕਿਸੇ ਨੇ ਕਮਾਈ ਹੋਵੇ, ਹੰਡਾਈ ਹੋਵੇ। ਓਪਰੀ ਆਸ਼ਾ ਤੇ ਓਪਰੀ ਨਿਰਾਸ਼ਾ ਦੋਵੇਂ ਹੀ ਮਾਰੂ ਹਨ। ਕਿਉਂ ਜੋ ਉਹਨਾਂ ਵਿੱਚ ਬਨਾਵਟ ਹੈ, ਗਹਿਰਾਈ ਨਹੀਂ, ਜਿੰਦਗੀ ਨਾਲ ਇਕਸਾਰਤਾ ਦੀ।[1]

ਸ਼ਿਵ ਕੁਮਾਰ ਦੀ ਕਾਵਿ ਰਚਨਾ ਦੇ ਆਰੰਭ, ਮੱਧ ਤੇ ਅੰਤ ਔਰਤ ਕੇਂਦਰਿਤ ਰਿਹਾ ਹੈ। ਔਰਤ ਸ਼ਿਵ ਕਾਵਿ ਦਾ ਕੇਂਦਰੀ ਬਿੰਬ ਹੈ। ਉਸਨੇ ਔਰਤ ਦੇ ਹੱਕ ਵਿੱਚ ਤੇ ਪਿਆਰ ਲਈ ਬਹੁਤ ਜਿਆਦਾ ਲਿਖਿਆ ਹੈ। ਸ਼ਿਵ ਨੇ ਔਰਤ ਦੀ ਪੀੜ ਵੇਦਨਾ ਤੇ ਔਰਤ ਦੀ ਤ੍ਰਾਸਦੀ ਦੀ ਗੱਲ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਔਰਤ ਦੇ ਚਿਤਰਨ ਸੰਬੰਧੀ ਉਸਨੇ ਲਿਖਿਆ ਹੈ :

> ਇਹ ਠੀਕ ਹੈ ਕਿ ਮੈਂ ਬਹੁਤੀ ਕਵਿਤਾ ਔਰਤ ਦੇ ਦੁਖਾਂਤ ਬਾਰੇ ਕਹੀ ਹੈ ਅਤੇ ਮੇਰੀਆਂ ਉਪਾਸ਼ਕ ਕੁੜੀਆਂ ਦੀ ਗਿਣਤੀ ਹਜ਼ਾਰਾਂ ਦੀ ਹੈ। ਇਸ ਵਿੱਚ ਦੋਸ਼ ਵਾਲੀ ਕਿਹੜੀ ਗੱਲ ਹੈ? ਹਰ ਇੱਕ ਨੂੰ ਆਪਣਾ ਲਹੂ ਤੇ ਦਰਦ ਪਿਆਰਾ ਹੁੰਦਾ ਹੈ। ਮੇਰੀ ਆਵਾਜ਼ ਵਿੱਚ ਇਸਤਰੀ ਦੀ ਵੇਦਨਾ ਹੈ, ਇਸ ਲਈ ਹਰ ਇਸਤਰੀ ਨੂੰ ਇਹ ਆਵਾਜ਼ ਉਸਦੀ ਆਪਣੀ ਆਵਾਜ਼ ਅਨੁਭਵ

ਹੋਣੀ ਬੜੀ ਸੁਭਾਵਿਕ ਹੈ।
ਕਿਉਂ ਜੋ ਬਿਰਹਾ ਦੀ
ਅਮੁੱਕ ਪੀੜ੍ਹ ਵਿੱਚ ਕਿਸੇ
ਤਰ੍ਹਾਂ ਦੀ ਮਲ੍ਹੰਮਾ ਨਹੀਂ।[2]

ਸ਼ਿਵ ਕੁਮਾਰ ਬਟਾਲਵੀ ਦਾ ਕਿਸੇ ਵੀ ਲੜਕੇ ਨਾਲ ਦੋਸਤਾਨੇ ਦਾ ਜ਼ਿਕਰ ਹੋਇਆ ਨਹੀਂ ਮਿਲਦਾ ਸਗੋਂ ਕੁੜੀਆਂ ਨਾਲ ਉਸਦਾ ਨਾਮ ਜੁੜਿਆ ਹੋਇਆ ਹੈ। ਬਟਾਲਵੀ ਨੂੰ ਸੁਪਨੇ ਵਿੱਚ ਕਿਸੇ ਅਣਪਛਾਤੀ ਲੜਕੀ ਦੇ ਦਰਸ਼ਨ ਹੁੰਦੇ ਹਨ। ਉਸ ਲੜਕੀ ਨੂੰ ਉਹ ਦਿਨੇ ਨਦੀ ਦੇ ਕੰਢੇ ਤੇ ਭਾਲਦਾ ਰਹਿੰਦਾ ਹੈ। ਸ਼ਿਵ ਬਚਪਨ ਤੋਂ ਹੀ ਨਾਰੀ ਦੀ ਗੰਧ ਤੇ ਸੰਗ ਲੋਚਦਾ ਸੀ। ਕੁੜੀਆਂ ਉਸਦੇ ਮਨ ਨੂੰ ਖਿੱਚ ਪਾਉਂਦੀਆਂ। ਇੱਕ ਜ਼ਿਕਰ ਹੈ ਕਿ ਵੀਰੋ ਨਾਂ ਦੀ ਲੜਕੀ ਜਿਹੜੀ ਉਸਤੋਂ ਬਾਰ੍ਹਾਂ ਵਰ੍ਹੇ ਵੱਡੀ ਸੀ, ਸ਼ਿਵ ਨੂੰ ਲੰਘਦੀ ਹੋਈ ਬੜੀ ਚੰਗੀ ਲੱਗਦੀ ਸੀ ਪਰ ਉਸਨੂੰ ਦੁੱਖ ਹੁੰਦਾ ਕਿ ਉਹ ਉਸ ਤੋਂ ਵੱਡੀ ਕਿਉਂ ਸੀ। ਇਸ ਤਰ੍ਹਾਂ ਹੀ ਬਾਂਸੀ ਸ਼ਿਵ ਦੇ ਹਾਣ ਦੀ ਸੀ ਪਰ ਉਸਦੇ ਮਾਪਿਆਂ ਨੇ ਉਸਨੂੰ ਇੱਕ ਬੁੱਢੇ ਨਾਲ ਵਿਆਹ ਦਿੱਤਾ। ਇਸ ਤਰ੍ਹਾਂ ਸ਼ਿਵ ਦੇ ਕਵੀ ਮਨ ਅੰਦਰ ਲੜਕੀਆਂ ਦੀ ਖਿੱਚ ਨੇ ਭਾਵਨਾਤਮਿਕ ਸੰਵੇਦਨਾ ਪੈਦਾ ਕਰ ਦਿੱਤੀ। ਉਸਦੇ ਅਵਚੇਤਨ ਵਿੱਚ ਪਿਆਰ ਭਾਵ ਉਗਸਣ ਲੱਗ ਪਏ। ਸ਼ਿਵ ਕੁਮਾਰ ਬਟਾਲਵੀ ਨੇ ਔਰਤ ਦੇ ਪ੍ਰੇਮ ਵਿੱਚ ਗਰੱਸੇ ਹੋਏ ਸੰਤਾਪਗ੍ਰਸਤ ਮਨੁੱਖ ਦੀ ਔਰਤ ਪ੍ਰਤੀ ਤ੍ਰਾਸਦਿਕ ਅਭਿਵਿਅਕਤੀ ਇਸ ਤਰ੍ਹਾਂ ਕੀਤੀ ਹੈ :

ਮੇਰਿਆਂ ਗੀਤਾਂ ਦੀ ਮੈਨਾ
ਮਰ ਗਈ,

ਰਹਿ ਗਿਆ ਪਾਂਧੀ ਮੁਕਾ
ਪਹਿਲਾ ਹੀ ਕੋਹ।[3]

ਬਟਾਲਵੀ ਨੂੰ ਆਮਤੌਰ ਉੱਤੇ ਇਸ਼ਕ ਅਤੇ ਬਿਰਹੋਂ ਦਾ ਕਵੀ ਮੰਨਿਆ ਜਾਂਦਾ ਹੈ ਪਰੰਤੂ ਜੇਕਰ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਉਸਦੀ ਕਵਿਤਾ ਨੂੰ ਵੇਖਿਆ ਜਾਵੇ ਤਾਂ ਸ਼ਿਵ ਦੀ ਕਵਿਤਾ ਵਿੱਚ ਔਰਤ-ਮਰਦ ਦੇ ਸੰਬੰਧਾਂ ਨੂੰ ਨਿਮਨ ਵਰਗ ਤੇ ਉੱਚ ਵਰਗ ਦੇ ਪੱਖ ਤੋਂ ਚਿੱਤਰਨ ਦੀ ਕੋਸ਼ਿਸ਼ ਕੀਤੀ ਗਈ ਹੇ। ਸ਼ਿਵ ਨਿਮਨ ਵਰਗ ਦੀ ਔਰਤ ਦੀ ਜੀਵਨ ਕਹਾਣੀ 'ਲੂਣਾ' ਕਾਵਿ-ਨਾਟਕ ਵਿੱਚ ਬਾਖੂਬੀ ਕਰਦਾ ਹੈ। ਜਿਸ ਵਿੱਚ ਉਹ ਇੱਕ ਸਾਧਾਰਨ ਘਰ ਦੀ ਮਜਬੂਰ ਔਰਤ ਦੇ ਮਨ ਦੀਆਂ ਦੱਬੀਆਂ ਹੋਈਆਂ ਭਾਵਨਾਵਾਂ ਤੇ ਸਮਾਜ ਵੱਲੋਂ ਕੀਤੇ ਧੱਕੇ ਨੂੰ ਬਿਆਨ ਕਰਦਾ ਹੈ। ਲੂਣਾ ਦੀ ਮਜਬੂਰੀ ਨੂੰ ਉਸਨੇ ਜਨ-ਸਮੂਹ ਤੱਕ ਪਹੁੰਚਾਇਆ :

ਪੂਰਨ ਹੈ ਮੇਰਾ ਚਾਨਣਾ

ਪੂਰਨ ਹੀ ਮੇਰੀ ਜੋਤ ਏ

ਪਰ ਨਾਰ ਸੱਪ ਦੇ ਸੀਸ ਤੇ

ਅੰਮ੍ਰਿਤ ਦਾ ਬਣਿਆ ਕੁੰਡ
ਹੈ

ਕੋਈ ਪੀ ਲਵੇ ਤਾਂ ਅਮਰ
ਹੈ

ਕੋਈ ਨਾ ਪੀਵੇ ਤਾਂ ਮੌਤ
ਹੈ।[4]

ਸ਼ਿਵ ਕਾਵਿ ਵਿੱਚ ਇੱਕ ਔਰਤ ਪਿਆਰ ਵੱਲੋਂ ਅਤ੍ਰਿਪਤ ਹੈ ਅਤੇ ਦੂਸਰੀ ਔਰਤ ਦਾ ਬਿੰਬ ਜਿਸਮ ਅਤ੍ਰਿਪਤੀ ਤੋਂ ਜਲ ਰਿਹਾ ਹੈ। 'ਲੂਣਾ' ਕਾਵਿ ਦਾ ਸਮੁੱਚਾ ਥੀਮ ਔਰਤ ਕਾਮ ਅਤ੍ਰਿਪਤੀ ਦੇ ਅਹਿਸਾਸ ਦਾ ਦੁਖਾਂਤ ਬਿਆਨ ਕਰਦਾ ਹੈ। ਜਿਸ ਤਰ੍ਹਾਂ 'ਲੂਣਾ' ਵਿੱਚ ਅੱਗ ਸੱਪਨੀ ਦਾ ਐਸਾ ਜਾਦੂ ਹੈ ਜਿਸਨੂੰ ਸਲਵਾਨ ਤ੍ਰਿਪਤ ਨਹੀਂ ਕਰ ਸਕਦਾ। ਸੱਪ ਅਤੇ ਅੱਗ ਦੋ ਅਜਿਹੇ ਪ੍ਰਤੀਕ ਹਨ ਜੋ ਕਾਮ ਅਤੇ ਔਰਤ ਦੀ ਅਤ੍ਰਿਪਤੀ ਨਾਲ ਸੰਬੰਧਤ ਹਨ :

ਅੱਗ ਦੀ ਸੱਪਨੀ

ਜਦ ਵਿਹੜੇ ਵਿੱਚ ਆਣ
ਵੜੀ

ਲੱਖ ਬਚਾਇਆ ਆਪਾ

ਪਰ ਉਹ ਰੋਜ਼ ਲੜੀ

ਨਸ਼ਾ ਜਿਹਾ ਨਿੱਤ ਆਇਆ

ਪਰ ਨਾ ਵਿਸ ਚੜੀ

ਨਾਰ ਮੇਰੇ ਅੰਦਰ ਦੀ

ਉਸ ਤੋਂ ਨਹੀਂ ਮਰੀ

**Airo International Research Journal**

**Volume XIII, ISSN: 2320-3714**
**February, 2018**
**Impact Factor 0.75 to 3.19**

**UGC Approval Number 63012**

ਅਣਚਾਹਿਆ ਵੀ
ਡੰਗਾਂ ਦੀ ਪਰ ਪੀੜ ਜਰੀ
ਮੈਥੋਂ ਸੁਪਨੇ ਦੀ ਸੱਪਨੀ
ਨਾ ਗਈ ਫੜੀ।[5]

ਆਰਥਿਕ ਪੱਖੋਂ ਮਰਦ ਦੀ ਗੁਲਾਮ ਹੋਣ ਕਰਕੇ ਮਨੁੱਖ ਦੀ ਜਣਨਹਾਰੀ ਨੂੰ ਇਸ ਸਮਾਜ ਵਿੱਚ ਬਹੁਤੀ ਵਾਰੀ ਰੋਟੀ ਬਦਲੇ ਤਨ ਵੇਚਣਾ ਪੈਂਦਾ ਹੈ। ਮਨੁੱਖ ਦੀ ਹਵਸ ਦਾ ਸ਼ਿਕਾਰ ਹੋਈ ਔਰਤ ਲਈ ਅਣਖ ਨਾਲ ਜਿਊਣ ਵਾਲੇ ਸਾਰੇ ਦਰ ਬੰਦ ਹੋ ਜਾਂਦੇ ਹਨ। ਜਿਉਂਦੇ ਰਹਿਣ ਲਈ ਕਈ ਵਾਰ ਉਸਨੂੰ ਮੰਗਤੀ, ਕਈ ਵਾਰ ਵੇਸਵਾ ਅਤੇ ਪਤਾ ਨਹੀਂ ਹੋਰ ਕੀ-ਕੀ ਕਰਨਾ ਪੈਂਦਾ ਹੈ। ਇਸ ਔਰਤ ਦੇ ਦਰਦ ਨੂੰ ਸ਼ਿਵ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ :

ਇਸ ਸ਼ਹਿਰ ਦੀ ਚੌੜੀ ਹਿੱਕ ਤੇ
ਮੇਰੇ ਜਿਹੀਆਂ ਲੱਖਾਂ ਕੰਜਕਾਂ
ਇੱਕ ਤੋਲਾ ਤਾਂਬੇ ਦੀ ਖਾਤਰ
ਵਿੱਚ ਚੌਰਾਹੀਂ ਵਿਕਣ ਹੋ ਨੰਗੀਆਂ
ਜਾਵਾਂ ਤੇ ਮੈਂ ਕਿਤ ਵੱਲ ਜਾਵਾਂ
ਕਿਸ ਮਰੀਅਮ ਨੂੰ ਹਾਲ ਸੁਣਾਵਾਂ
ਇੱਕ ਪੜੋਪੀ ਆਟੇ ਖਾਤਰ
ਵਿਕਣ ਹਵਾ ਦੀਆਂ ਜਾਈਆਂ
ਨੀ ਵਿੱਚ ਮੰਡੀਆਂ।[6]

ਨਾਰੀ ਦੇ ਸਰੂਪ ਨੂੰ ਦਰਸਾਉਣ ਲਈ ਸ਼ਿਵ ਕੁਮਾਰ ਬਟਾਲਵੀ ਦੇ ਪ੍ਰਤੀਕ ਬੜੇ ਭਾਵ ਪੂਰਤ ਹਨ। 'ਕੰਡਿਆਲੀ ਥੋਰ' ਦਾ ਪ੍ਰਤੀਕ ਹੀ ਨਾਰੀ ਦੇ ਸਰੂਪ ਤੇ ਉਸਦੀ ਸਮਾਜਿਕ ਹੋਂਦ ਦਾ ਭਰਵਾਂ ਬੋਧ ਕਰਵਾ ਦਿੰਦਾ ਹੈ :

ਮੈਂ ਕੰਡਿਆਲੀ ਥੋਰ ਵੇ ਸੱਜਣਾ
ਉੱਗੀ ਵਿੱਚ ਜੋ ਬੇਲੇ
ਨਾ ਕੋਈ ਮੇਰੇ ਛਾਵੇਂ ਬੈਠੇ
ਨਾ ਪੱਤ ਖਾਵਣ ਲੇਲੇ
ਮੈਂ ਰਾਜੇ ਦੀ ਬਰਦੀ ਅੜਿਆ
ਤੂੰ ਰਾਜੇ ਦਾ ਜਾਇਆ
ਤੂੰਹੀਓ ਦੱਸ ਵੇ ਮੋਹਰ ਸਾਹਮਣੇ
ਮੁੱਲ ਕੀ ਖੋਵਣ ਧੇਲੇ।[7]

ਸ਼ਿਵ ਕੁਮਾਰ ਦੀ ਰਚਨਾ ਵਿੱਚ ਇਸਤਰੀ ਦੀ ਸਮਾਜਿਕ ਸਥਿਤੀ ਦਾ ਵਰਨਣ ਵੀ ਬੜੇ ਸੁੰਦਰ ਸ਼ਬਦਾਂ ਵਿੱਚ ਮਿਲਦਾ ਹੈ। ਸ਼ਿਵ ਦੀਆਂ ਪ੍ਰਮੁੱਖ ਰਚਨਾਵਾਂ ਮਿਰਚਾਂ ਦੇ ਪੱਤਰ, ਕੰਡਿਆਲੀ ਥੋਰ, ਸ਼ੀਸ਼ੋ, ਲੂਣਾ, ਲਾਜਵੰਤੀ, ਵੀਨਸ ਦਾ ਬੁੱਤ ਆਦਿ ਕਵਿਤਾ ਵਿੱਚ ਪੇਸ਼ ਹੋਏ ਬਿੰਬ ਵੀ ਨਾਰੀ ਦੀ ਸਥਿਤੀ ਵੱਲ ਸੰਕੇਤ ਕਰਦੇ ਹਨ :

ਕਰਮਾਂ ਦੀ ਮਹਿੰਦੀ ਦਾ ਸੱਜਣਾ,
ਰੰਗ ਕਿਵੇਂ ਦੱਸ ਚੜ੍ਹਦਾ ਵੇ,
ਜੇ ਕਿਸਮਤ ਮਿਰਚਾਂ ਦੇ ਪੱਤਰ,
ਪੀਠ ਤਲੀ ਤੇ ਲਾਏ ਵੇ।[8]

ਸ਼ਿਵ ਦੀ ਕਵਿਤਾ ਦਾ ਕੇਂਦਰੀ ਧੁਰਾ ਨਾਰੀ ਦਾ ਦੁਖਾਂਤ ਹੀ ਰਿਹਾ ਹੈ। ਉਹ ਹਮੇਸ਼ਾ ਸੁਚੇਤ ਤੌਰ ਤੇ ਇਸ ਦੁਖਾਂਤ ਨੂੰ ਪੇਸ਼ ਕਰਦਾ ਰਿਹਾ ਹੈ। ਇੱਥੋਂ ਤੱਕ ਕਿ ਲੂਣਾ ਵਰਗੀ ਸੰਘਰਸ਼ਸ਼ੀਲ ਔਰਤ ਨੂੰ ਪੇਸ਼ ਕਰਕੇ ਸ਼ਿਵ ਨੇ ਸਾਰੇ ਅਖੌਤੀ ਪ੍ਰਗਤੀਵਾਦੀ ਲੇਖਕਾਂ ਨੂੰ ਮੂੰਹ ਤੋੜਵਾਂ ਜਵਾਬ ਦੇ ਕੇ ਇਹ

ਸਿੱਧ ਕਰ ਦਿੱਤਾ ਹੈ ਕਿ ਸ਼ਿਵ ਕੇਵਲ ਬਿਰਹਾ ਦੀਆਂ ਹੂਕਾਂ ਨੂੰ ਹੀ ਪੇਸ਼ ਨਹੀਂ ਕਰਦਾ ਸਗੋਂ ਬਗਾਵਤੀ ਸੁਰਾਂ ਵੀ ਅਲਾਪ ਸਕਦਾ ਹੈ। ਮੱਧਕਾਲੀ ਯੁੱਗ ਤੇ ਵਿਚਾਰ ਕਰਦਾ ਹੋਇਆ ਸ਼ਿਵ ਲਿਖਦਾ ਹੈ :

> ਬੁੱਢੇ ਰਾਜੇ ਨਿੱਕੀ-ਨਿੱਕੀ ਗੱਲੇ, ਸ਼ੱਕ ਦਾ ਸ਼ਿਕਾਰ ਹੋ ਜਾਂਦੇ ਸਨ। ਰਾਜਿਆਂ ਦੇ ਟੁਕੜਿਆਂ ਤੇ ਪਲਣ ਵਾਲੇ ਕਵੀ ਜਦੋਂ ਕਹਾਣੀਆਂ ਲਿਖਣ ਬੈਠਦੇ ਸਨ ਤਾਂ ਉਹ ਸੱਚ ਨੂੰ ਤਿਆਗ ਕੇ ਰਾਜਿਆਂ ਨੂੰ ਨੇਹ ਕਲੰਕ ਸਿੱਧ ਕਰਦੇ ਸਨ। ਉਹਨਾਂ ਦੀਆਂ ਰਾਣੀਆਂ ਜਾਂ ਔਲਾਦ ਨੂੰ ਮੈਲਿਆਂ ਕਹਿ ਕੇ ਆਪਣੇ ਸਰਪ੍ਰਸਤਾਂ ਦੀ ਹਉਮੈ ਨੂੰ ਤ੍ਰਿਪਤ ਕਰਦੇ ਸਨ। ਪ੍ਰਚੱਲਿਤ ਸਦਾਚਾਰਕ ਨਿਯਮਾਂ ਦੀ ਉਲੰਘਣਾ ਕਰਨ ਦੀ ਦਲੇਰੀ ਉਹਨਾਂ ਵਿੱਚ ਉੱਕਾ ਨਹੀਂ ਸੀ ਹੁੰਦੀ, ਜੋ ਇੱਕ ਕਵੀ ਲਿਖ ਜਾਂਦਾ ਸੀ, ਉਸੇ ਲੀਹੇ ਦੂਜੇ ਟੁਰੇ ਰਹਿੰਦੇ ਸੀ।[9]

ਸ਼ਿਵ ਦੀ ਕਵਿਤਾ ਵਿੱਚ ਪੇਸ਼ ਹੋਈ ਔਰਤ ਇੱਕੋ ਸਥਿਤੀ ਇੱਕੋ ਰੂਪ ਤੇ ਇੱਕੋ ਪ੍ਰਭਾਵ ਗ੍ਰਹਿਣ ਨਹੀਂ ਕਰਦੀ। ਪਹਿਲੀ ਸਥਿਤੀ ਵਿੱਚ ਸ਼ਿਵ ਸਖੀਆਂ ਨਾਲ ਖੇਡਦਾ, ਸੁਪਨਿਆਂ ਵਿੱਚ ਕੁੜੀ ਦੀ ਤਲਾਸ਼ ਕਰਦਾ, ਖੇਡਾਂ ਖੇਡਦੀਆਂ ਕੁੜੀਆਂ ਵੱਲ ਤੱਕਦਾ ਹੈ, ਬੈਜਨਾਥ ਦੇ ਮੇਲੇ ਵਿੱਚ ਮੀਨਾ ਨੂੰ ਵੇਖ ਕੇ ਉਹ ਆਪਣੀ ਹੋਸ਼ ਗੁਆ ਬੈਠਦਾ ਹੈ। ਪਰੰਤੂ ਮੀਨਾ ਦੇ ਵਿਆਹ ਤੋਂ ਬਾਅਦ ਸ਼ਿਵ ਕੁਮਾਰ ਮਾਨਸਿਕ ਤੌਰ ਤੇ ਬਿਮਾਰ ਪੈ ਜਾਂਦਾ ਹੈ। ਮੀਨਾ ਦੇ ਮਿਆਦੀ ਬੁਖਾਰ ਨਾਲ ਮਰ ਜਾਣ ਮਗਰੋਂ ਸ਼ਿਵ ਦੀ ਕਵਿਤਾ ਵਿੱਚ ਬਿਰਹਾ ਦਾ ਰੰਗ ਭਾਰੂ ਹੋ ਜਾਂਦਾ ਹੈ। ਦੂਸਰੀ ਅਵਸਥਾ ਵਿੱਚ ਸ਼ਿਵ ਔਰਤ ਦੀਆਂ ਮਾਨਸਿਕ ਤੇ ਸ਼ਰੀਰਕ ਅਤ੍ਰਿਪਤੀਆਂ ਨੂੰ ਅਭਿਵਿਅਕਤ ਕਰਦਾ ਹੈ। ਇਸ ਦੌਰ ਵਿੱਚ ਉਸਦੀ ਕਵਿਤਾ ਵਿੱਚ 'ਜੋਬਨ ਰੁੱਤੇ ਮਰਨ ਦੀ' ਲੋਚਾ ਪੈਦਾ ਹੁੰਦੀ ਹੈ ਤੇ ਉਸਦੇ ਗੀਤਾਂ ਵਿੱਚ ਬਿਰਹਾ ਤੜਫਦਾ ਮਹਿਸੂਸ ਹੁੰਦਾ ਹੈ :

> ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿੱਚ,
>
> ਬਿਰਹੋਂ ਦੀ ਰੜਕ ਪਵੇ।
>
> ਅੱਧੀ-ਅੱਧੀ ਰਾਤੀਂ ਉਠ ਰੋਣ ਮੋਏ ਮਿੱਤਰਾਂ ਨੂੰ,
>
> ਮਾਏ ਸਾਨੂੰ ਨੀਂਦ ਨਾ ਪਵੇ।[10]

ਸ਼ਿਵ ਸਮੁੱਚੀ ਜ਼ਿੰਦਗੀ ਵਿੱਚ ਇੱਕ ਮਾਂ, ਇੱਕ ਮਹਿਬੂਬਾ, ਇੱਕ ਦੋਸਤ, ਇੱਕ ਭੈਣ, ਦੁਨੀਆਂ ਦੇ ਸਾਰੇ ਰਿਸ਼ਤੇ ਪੂਰੇ ਕਰਦੀ ਔਰਤ ਦੀ ਤਲਾਸ਼ ਵਿੱਚ ਰਹਿੰਦਾ ਹੈ। ਇਹ ਰਿਸ਼ਤੇ ਉਸਨੂੰ ਕਿਸੇ ਵੀ ਔਰਤ ਵਿੱਚ ਪ੍ਰਾਪਤ ਨਹੀਂ ਹੁੰਦੇ।

**ਹਵਾਲੇ ਤੇ ਟਿੱਪਣੀਆਂ :**

1) ਸ਼ਿਵ ਕੁਮਾਰ ਬਟਾਲਵੀ, ਦਰਦਮੰਦਾਂ ਦੀਆਂ ਆਹੀ, ਪੰਨਾ 17
2) ਉਹੀ, ਪੰਨਾ 18
3) ਸ਼ਿਵ ਕੁਮਾਰ ਬਟਾਲਵੀ, ਬਿਰਹਾ ਤੂੰ ਸੁਲਤਾਨ, ਪੰਲਾ 10
4) ਸ਼ਿਵ ਕੁਮਾਰ ਬਟਾਲਵੀ, ਲੂਣਾ, ਪੰਨਾ 117
5) ਉਹੀ, ਪੰਨੇ 46-47
6) ਸ਼ਿਵ ਕੁਮਾਰ ਬਟਾਲਵੀ, ਲਾਜਵੰਤੀ, ਪੰਨਾ 21
7) ਜੀਵਨ ਸਿੰਘ (ਸੰਪਾ.), ਸ਼ਿਵ ਕੁਮਾਰ ਬਟਾਲਵੀ, ਸੰਪੂਰਨ ਕਾਵਿ-ਸੰਗ੍ਰਹਿ, ਪੰਨਾ 44
8) ਉਹੀ, ਪੰਨਾ 39
9) ਸ਼ਿਵ ਕੁਮਾਰ ਬਟਾਲਵੀ, ਲੂਣਾ, ਪੰਨਾ 11
10) ਡਾ. ਪਿਆਰ ਸਿੰਘ (ਸੰਪਾ.), ਸ਼ਿਵ ਕੁਮਾਰ ਬਟਾਲਵੀ, ਅਲਵਿਦਾ, ਪੰਨਾ 29